# NEW ERA PUBLIC SCHOOL (2020-2021)

SUBJECT : PUNJABI A/B    CLASS : 6th

SOLVED ASSIGNMENT FOR UNIT-I

## ਪਾਠ-1
## ਚੇਤਾਵਨੀ

### ਸ਼ਬਦਾਂ ਦੇ ਅਰਥ

ਹਿਮਾਲਾ - ਪਰਬਤ ਦਾ ਨਾਂ, ਸਾਗਰ - ਸਮੁੰਦਰ
ਨਿਉਂ ਜਾਣਾ - ਨੀਵੇਂ ਹੋਣਾ, ਗਹਿਰ ਗੰਭੀਰ - ਸ਼ਾਂਤ,
ਦਮ ਭਰਨਾ - ਹਮਾਇਤ ਕਰਨਾ, ਰਤਨ - ਹੀਰਾ,
ਹਰਨਾ - ਲੈ ਜਾਣਾ, ਅੰਮ੍ਰਿਤ - ਪਵਿੱਤਰ ਜਲ,
ਜੋਗ ਯਾਗ, ਖਿੜ ਜਾਣਾ - ਖੁਸ਼ ਹੋਣਾ, ਵੀਰ - ਬਹਾਦਰ, ਹਰਸ਼ਾਣਾ - ਖੁਸ਼ੀ ਦੇਣਾ।

### ਮੌਖਿਕ ਪ੍ਰਸ਼ਨ (Oral Questions)

1. ਹਿਮਾਲਾ ਕਿਸ ਨੂੰ ਕਹਿੰਦੇ ਹਨ ?

ਉ: ਹਿਮਾਲਾ ਪਰਬਤ ਨੂੰ ਕਹਿੰਦੇ ਹਨ।

2. ਇਹ ਕਵਿਤਾ ਸਾਨੂੰ ਕਿਸ ਵਾਂਗ ਉੱਚਾ ਉੱਠਣ ਦੀ ਪ੍ਰੇਰਨਾ ਦਿੰਦੀ ਹੈ ?

ਉ: ਕਵਿਤਾ ਹਿਮਾਲਾ ਵਾਂਗ ਉੱਚਾ ਉੱਠਣ ਦੀ ਪ੍ਰੇਰਨਾ ਦਿੰਦੀ ਹੈ।

3. ਧਰਤੀ ਦੀ ਚਾਦਰ ਕਿਸ ਰੰਗ ਦੀ ਹੈ ?

Scanned with CamScanner

ਉ: ਧਰਤੀ ਦੀ ਚਾਦਰ ਹਰੇ ਰੰਗ ਦੀ ਹੈ।

੪. 'ਮਿੱਟੀ ਵਿੱਚ ਮਿਲ਼ ਜਾਣਾ' ਕੀ ਹੈ ਮੁਹਾਵਰਾ ਜਾਂ ਅਖਾਣ।

ਉ: 'ਮਿੱਟੀ ਵਿੱਚ ਮਿਲ਼ ਜਾਣਾ ਮੁਹਾਵਰਾ ਹੈ।

5. ਅਸੀਂ ਦੇਸ਼ ਦੀ ਰੱਖਿਆ ਕੀ ਬਣ ਕੇ ਕਰ ਸਕਦੇ ਹਾਂ?

ਉ: ਅਸੀਂ ਦੇਸ਼ ਦੀ ਰੱਖਿਆ ਵੀਰ ਸਿਪਾਹੀ ਬਣ ਕੇ ਕਰ ਸਕਦੇ ਹਾਂ।

ਲਿਖਤੀ ਪ੍ਰਸ਼ਨ (written Questions)

ੳ, ਦੇਸ਼ ਦੇ ਵੀਰ ਸਿਪਾਹੀ ਬਣ ਕੇ ਅਸੀਂ ਕੀ ਕਰ ਸਕਦੇ ਹਾਂ?

ਉ: ਦੇਸ਼ ਦੇ ਵੀਰ ਸਿਪਾਹੀ ਬਣ ਕੇ ਅਸੀਂ ਦੇਸ਼ ਦੀ ਰੱਖਿਆ ਕਰ ਸਕਦੇ ਹਾਂ।

ਅ, ਇਸ ਕਵਿਤਾ ਵਿੱਚ ਸਾਨੂੰ ਫੁੱਲਾਂ ਤੋਂ ਕੀ ਪ੍ਰਾਪਤ ਹੁੰਦਾ ਹੈ?

ਉ: ਇਸ ਕਵਿਤਾ ਵਿੱਚ ਸਾਨੂੰ ਫੁੱਲਾਂ ਤੋਂ ਖੁਸ਼ਬੂ ਤੇ ਸ਼ਹਿਦ ਪ੍ਰਾਪਤ ਹੁੰਦਾ ਹੈ।

ੲ, ਇਸ ਕਵਿਤਾ ਨੂੰ ਪੜ੍ਹ ਕੇ ਸਾਨੂੰ ਬੱਦਲਾਂ ਤੋਂ ਕੀ ਸਿੱਖਿਆ ਮਿਲਦੀ ਹੈ?

ਉ: ਬੱਦਲਾਂ ਤੋਂ ਸਾਨੂੰ ਬੱਦਲਾਂ ਵਾਂਗ ਵਹਿ ਜਾਣਾ ਸਿੱਖੋ ਦੀ ਸਿੱਖਿਆ ਮਿਲਦੀ ਹੈ।

ਸ, ਦੇਸ਼ ਦਾ ਵੀਰ ਸਿਪਾਹੀ ਬਣ ਕੇ ਅਸੀਂ ਦੇਸ਼

ਦੀ ਰੱਖਿਆ ਕਿਵੇਂ ਕਰ ਸਕਦੇ ਹਾਂ ?

ਉ: ਦੇਸ਼ ਦਾ ਵੀਰ ਸਿਪਾਹੀ ਬਣ ਕੇ ਆਪਣੀ ਦੇਸ਼ ਦੀ ਰੱਖਿਆ ਆਪਣੇ ਜਾਨ ਵਾਰ ਕੇ ਕਰ ਸਕਦੇ ਹਾਂ।

2. ਹੇਠ ਲਿਖੀਆਂ ਕਾਵਿ-ਸਤਰਾਂ ਪੂਰੀਆਂ ਕਰੋ:

ਹਿਮਾਲਾ ਵਾਂਗੂ ਉੱਚਾ ਉੱਠ ਕੇ,
ਤੁਸੀਂ ਵੀ ਲਿਉਂ ਜਾਣਾ ਸਿੱਖੋ।
ਰਤਨ ਲੁਟਾ ਕੇ ਪਿਆਰਾ ਵਾਲਾ,
ਸਤਨਾਂ ਦਾ ਦੁਖ ਹਰਨਾ ਸਿੱਖੋ।
ਚਾਦਰ ਹਰੀ ਕਰ ਧਰਤੀ ਦੀ,
ਜਲ ਧਾਰਾ ਵਿਚ ਵਹਿ ਜਾਣਾ ਸਿੱਖੋ।
ਮੁੱਰ-ਮੁੱਰ ਕੇ ਫੁੱਲਾਂ ਵਾਂਗੂ,
ਫਿਰ ਹੱਸ ਕੇ ਖਿੜ ਜਾਣਾ ਸਿੱਖੋ।
ਮਿੱਠੇ ਫਲ ਲੱਦੇ ਰੁੱਖਾਂ ਵਾਂਗੂ,
ਸਭ ਦਾ ਮਨ ਹਰਸ਼ਾਣਾ ਸਿੱਖੋ।

ਖਾਲੀ ਥਾਵਾਂ ਭਰੋ:

1. ਸਾਗਰ ਵਰਗਾ ਗਹਿਰ ਗੰਭੀਰ ਬਣ।
2. ਜਲ ਧਾਰਾ ਵਿਚ ਵਹਿ ਜਾਣਾ ਸਿੱਖੋ।
3. ਪਿਆਸ ਬੁਝਾ ਕੇ ਜਲ ਨਾਲ ਸਭ ਦੀ।
4. ਦੇਸ਼ ਦੀ ਸੇਵਾ ਕਰਨਾ ਸਿੱਖੋ।
5. ਮਿੱਠੇ ਫੁਲ ਲੱਦੇ ਰੁੱਖਾਂ ਵਾਂਗੂ।

Scanned with CamScanner

ਹੇਠ ਲਿਖੇ ਵਾਕਾਂ ਤੇ ਸਹੀ (✓) ਅਤੇ ਗ਼ਲਤ (×)
ਦਾ ਨਿਸ਼ਾਨ ਲਾਓ :-

1. ਹਿਮਾਲਾ ਵਾਂਗੂ ਉੱਚਾ ਉੱਠਣਾ ਏ ✓
2. ਜਲ ਧਾਰਾ ਵਿੱਚ ਵਹਿ ਜਾਣਾ ਸਿੱਖੋ ✓
3. ਅੰਮ੍ਰਿਤ ਦੀ ਧਾਰ ਵਗਾ ਏ ×
4. ਚਾਦਰ ਹਰੀ ਕਰ ਧਰਤੀ ਦੀ ✓
5. ਦੇਸ਼ ਦਾ ਸਿਪਾਹੀ ਬਣਨਾ ਏ ✓

ਆਮ ਨਾਂਵ ਅਤੇ ਖ਼ਾਸ ਨਾਂਵ ਵਿੱਚ ਅੰਤਰ
ਸ਼ਹਿਰ ਵਿਚ ਆਮ ਨਾਂਵ ਹੈ ਪਰ ਜਦੋਂ ਅਸੀਂ ਅੰਮ੍ਰਿਤਸਰ, ਜਲੰਧਰ, ਪਟਿਆਲਾ, ਚੰਡੀਗੜ੍ਹ ਕਹਿੰਦੇ ਹਾਂ ਤਾਂ ਸ਼ਹਿਰ - ਜੋ ਵਿੱਚ ਆਮ ਨਾਂਵ ਹੈ, ਪਰ ਕੋਈ ਖ਼ਾਸ ਨਾਂਵ ਲੱਗਣ ਨਾਲ ਇਹ ਸ਼ਹਿਰ ਖ਼ਾਸ ਨਾਂਵ ਬਣ ਜਾਂਦੇ ਹਨ। ਅੰਮ੍ਰਿਤਸਰ, ਜਲੰਧਰ, ਪਟਿਆਲਾ, ਚੰਡੀਗੜ੍ਹ ਖ਼ਾਸ ਨਾਂਵ ਹਨ।

Scanned with CamScanner

## ਪਾਠ - 2
## ਮਨੁੱਖ ਅਤੇ ਮਸ਼ੀਨ

### ਸ਼ਬਦਾਂ ਦੇ ਅਰਥ

ਆਦਿ ਮਨੁੱਖ - ਜੰਗਲੀ ਮਨੁੱਖ, ਗੁਫ਼ਾਵਾਂ - ਕੁੰਦਰਾਂ, ਖੋਜ - ਭਾਲ, ਘਸੀਟਣਾ - ਧੂਹਣਾ, ਬੇ-ਪਹੀਆਂ - ਬਗੈਰ ਪਹੀਆਂ ਤੋਂ, ਮਹੂਰਤ - ਮੁੱਢ, ਧੜਾ-ਧੜ - ਪੂਰੀ ਤਰ੍ਹਾਂ ਤੁੰਨ ਕੇ, ਤੈਆ - ਫ਼ੈਸਲਾ, ਜਤਨ - ਕੋਸ਼ਿਸ਼।

### ਮੌਖਿਕ ਪ੍ਰਸ਼ਨ (Oral Questions)

1. ਪੁਰਾਣੇ ਜੁੱਗ ਵਿੱਚ ਮਨੁੱਖ ਕਿਸ ਤਰ੍ਹਾਂ ਰਹਿੰਦਾ ਸੀ?

ਉ. ਪੁਰਾਣੇ ਜੁੱਗ ਵਿੱਚ ਮਨੁੱਖ ਨੰਗਾ ਹੀ ਰਹਿੰਦਾ ਸੀ।

2. ਉਹ ਆਪਣਾ ਪੇਟ ਕਿਸ ਤਰ੍ਹਾਂ ਭਰਦਾ ਸੀ?

ਉ. ਉਹ ਆਪਣਾ ਪੇਟ ਸ਼ਿਕਾਰ ਕਰਕੇ ਭਰਦਾ ਸੀ।

3. ਆਦਿ ਮਨੁੱਖ ਕਿਸ ਦਾ ਸ਼ਿਕਾਰ ਕਰਦਾ ਸੀ?

ਉ. ਆਦਿ ਮਨੁੱਖ ਜੰਗਲੀ ਜਾਨਵਰ ਦਾ ਸ਼ਿਕਾਰ ਕਰਦਾ ਸੀ।

4. ਕੀਤੇ ਹੋਏ ਸ਼ਿਕਾਰ ਨੂੰ ਉਹ ਪਹਿਲਾਂ ਕਿਸ 'ਤੇ ਲੱਦ ਕੇ ਲਿਆਉਂਦਾ ਸੀ?

ਉ. ਕੀਤੇ ਹੋਏ ਸ਼ਿਕਾਰ ਨੂੰ ਉਹ ਪਿੱਠ ਉੱਤੇ ਲੱਦ ਕੇ ਲਿਆਉਂਦਾ ਸੀ।

5. ਪਹੀਏ ਦੇ ਲਿਜਾਣ ਨਾਲ ਸ਼ਿਕਾਰ ਦਾ ਕੀ

Scanned with CamScanner

ਛਿੱਲਿਆ ਜਾਂਦਾ ਸੀ ?

ਉ: ਪਥੀਟ ਦੇ ਜਿਜ਼ਾਣ ਨਾਲ ਸ਼ਿਕਾਰ ਦਾ ਮਾਸ ਛਿੱਲਿਆ ਜਾਂਦਾ ਸੀ।

6. ਅੱਜ ਵੀ ਚੇਪਹੀਆ ਗੱਡੀਆਂ ਕਿਹੜੇ ਮੁਲਕ ਵਿਚ ਚੱਲਦੀਆਂ ਹਨ ?

ਉ: ਅੱਜ ਵੀ ਚੇਪਹੀਆ ਗੱਡੀਆਂ ਸਾਇਬੇਰੀਆ ਤੇ ਤੁਰਕਾ ਵਿਚ ਚੱਲਦੀਆਂ ਹਨ।

7. ਭਾਰਤ ਵਿੱਚ ਪਹਿਲੀ ਰੇਲ ਗੱਡੀ ਕਿਹੜੇ ਸੰਨ ਵਿੱਚ ਚੱਲੀ ਸੀ ?

ਉ: ਭਾਰਤ ਵਿੱਚ ਪਹਿਲੀ ਰੇਲ ਗੱਡੀ ਸਨ 1853 ਵਿੱਚ ਚਲੀ ਸੀ।

<u>ਲਿਖਤੀ ਪ੍ਰਸ਼ਨ</u> (written Questions)

ਉ, ਆਦਿ ਮਨੁੱਖ ਕੀ ਨਹੀਂ ਕਰ ਸਕਦਾ ਸੀ, ਪੰਜ ਕੰਮ ਲਿਖੋ:

ਉ; ਆਦਿ ਮਨੁੱਖ ਅਨਾਜ ਪੈਦਾ ਨਹੀਂ ਕਰ ਸਕਦਾ ਸੀ।

2. ਨਾ ਹੀ ਉਹ ਕੱਪੜਾ ਬੁਣ ਸਕਦਾ ਸੀ।

3. ਉਹ ਸ਼ਿਕਾਰ ਕਰਕੇ ਆਪਣਾ ਪੇਟ ਭਰਦਾ ਸੀ।

4. ਜਾਨਵਰਾਂ ਦੀ ਤਰ੍ਹਾਂ ਝਾੜੀਆਂ ਤੇ ਗੁਫ਼ਾਵਾਂ ਵਿੱਚ ਰਹਿੰਦਾ ਸੀ।

5. ਉਹ ਅੱਗ ਬਾਲਣਾ ਵੀ ਨਹੀਂ ਜਾਣਦਾ ਸੀ।

Scanned with CamScanner

ਅ, ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ, ਉਦਾਹਰਨਾਂ ਸਹਿਤ ਲਿਖੋ।

ਉ: ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ। ਬਿਜਲੀ, ਰੇਡੀਓ, ਹਵਾਈ-ਜਹਾਜ਼ ਅਤੇ ਰੇਲ ਆਦਿ ਸਭ ਵਿਗਿਆਨ ਦੀ ਦੇਣ ਹਨ। ਮਨੁੱਖ ਅੱਜ ਟੈਲੀਫ਼ੋਨ ਰਾਹੀਂ ਇੰਗਲੈਂਡ ਅਤੇ ਅਮਰੀਕਾ ਬੈਠੇ ਵਿਅਕਤੀ ਨਾਲ ਗੱਲਾਂ ਕਰ ਸਕਦਾ ਹੈ। ਹਵਾਈ ਜਹਾਜ਼ ਵਿੱਚ ਬੈਠ ਕੇ ਤੁਸੀਂ ਦੁਨੀਆਂ ਦੀ ਸੈਰ ਕਰ ਸਕਦੇ ਹੋ।

ੲ, ਆਦਿ ਮਨੁੱਖ ਆਪਣੇ ਸ਼ਿਕਾਰ ਨੂੰ ਫੜ ਕੇ ਕਿਉਂ ਪਾਲਣ ਲੱਗੇ? ਉੱਤਰ ਪੰਜ ਸਤਰਾਂ ਵਿੱਚ ਲਿਖੋ :-

ਉ:-1. ਆਦਿ ਮਨੁੱਖ ਸ਼ਿਕਾਰ ਦੇ ਦੌਰਾਨ ਕਿਸੇ ਜਿਉਂਦੇ ਪਸ਼ੂ ਨੂੰ ਘਰ ਲਿਆ ਕੇ ਪਾਲ਼ ਲੈਂਦਾ ਸੀ।

2. ਜਿਸ ਦਿਨ ਕੋਈ ਸ਼ਿਕਾਰ ਉਸ ਦੇ ਹੱਥ ਨਾ ਆਉਂਦਾ ਉਸ ਦਿਨ ਉਹ ਪਾਲਤੂ ਪਸ਼ੂ ਨੂੰ ਮਾਰ ਕੇ ਭੋਜਨ ਬਣਾ ਲੈਂਦਾ।

3. ਆਦਿ ਮਨੁੱਖ ਨੇ ਪਾਲਤੂ ਪਸ਼ੂਆਂ ਤੋਂ ਭਾਰ ਢੋਣ ਦਾ ਕੰਮ ਲੈਣਾ ਸਿੱਖ ਲਿਆ।

4. ਭਾਰੀ ਜਾਨਵਰ ਨੂੰ ਪਾਲਤੂ ਪਸ਼ੂ ਦੀ ਪਿੱਠ 'ਤੇ ਲੱਦ ਕੇ ਘਰ ਲਿਆਉਂਦਾ ਸੀ।

5. ਹੌਲੀ- ਹੌਲੀ ਉਸਨੇ ਪਾਲਤੂ ਪਸ਼ੂਆਂ ਤੇ ਕਿਸੇ ਲੱਕੜੀ ਉੱਪਰ ਰੱਖੇ ਸ਼ਿਕਾਰ ਨੂੰ ਖਿੱਚਣ ਦਾ ਕਮ ਲੈਣਾ ਸ਼ੁਰੂ ਕਰ ਦਿੱਤਾ।

2. ਪਾਠ ਵਿੱਚ ਆਏ ਮੁਹਾਵਰਿਆਂ ਦੇ ਅਰਥ ਲਿਖੋ:

Scanned with CamScanner

1. ਬੋਝਾ ਢੋਣਾ - ਭਾਰ ਚੁਕਣਾ
2. ਸਚਾ - ਸਚ - ਭਾਵ ਪੂਰੀ ਤਰ੍ਹਾਂ ਤੁਲ ਕੇ
3. ਅਕਾਸ਼ ਵਿੱਚ ਉਡਣਾ —
4. ਖੰਭ ਲਾ ਕੇ - ਪਰ ਲਾ ਕੇ
5. ਤੈਅ ਕਰਨਾ - ਫੈਸਲਾ ਲੈਣਾ

3. ਹੇਠ ਲਿਖੇ ਵਾਕਾਂ ਤੇ ਸਹੀ (✓) ਅਤੇ ਗਲਤ (X) ਦਾ ਨਿਸ਼ਾਨ ਲਾਓ:
1. ਆਦਿ ਮਨੁੱਖ ਕੱਪੜੇ ਪਾ ਕੇ ਰੱਖਦਾ ਸੀ (X)
2. ਉਹ ਅਨਾਜ ਪੈਦਾ ਨਹੀਂ ਸੀ ਕਰ ਸਕਦਾ। (✓)
3. ਉਹ ਕੱਪੜੇ ਬੁਣ ਸਕਦਾ ਸੀ (X)
4. ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਸੀ (✓)
5. ਆਦਿ ਮਨੁੱਖ ਵੀ ਜਹਾਜ਼ ਦੀ ਸਵਾਰੀ ਕਰਦਾ ਸੀ (X)

4. ਹੇਠ ਲਿਖੇ ਵਾਕਾਂ ਨੂੰ ਪੂਰਾ ਕਰਕੇ ਲਿਖੋ:
1. ਨਾ ਉਹ ਅਨਾਜ ਪੈਦਾ ਕਰ ਸਕਦਾ ਸੀ ਅਤੇ ਨਾ ਹੀ ਕੱਪੜਾ ਬੁਣ ਸਕਦਾ ਸੀ।
2. ਜਾਨਵਰਾਂ ਦੀ ਤਰ੍ਹਾਂ ਝਾੜੀਆਂ ਤੇ ਗੁਫ਼ਾਵਾਂ ਵਿੱਚ ਰਹਿੰਦਾ ਸੀ।
3. ਮਨੁੱਖ ਦੇ ਵਿਕਾਸ ਦੀ ਕਹਾਣੀ ਵਿਗਿਆਨ ਅਤੇ ਖੋਜ ਦੀ ਕਹਾਣੀ ਨਾਲ ਜੁੜੀ ਹੋਈ ਹੈ।
4. ਭਾਰਤ ਵਿੱਚ ਪਹਿਲੀ ਰੇਲ ਗੱਡੀ ਸੰਨ 1853 ਵਿੱਚ ਮੁੰਬਈ ਅਤੇ ਥਾਣੇ ਦੇ ਵਿਚਕਾਰ ਚੱਲੀ ਸੀ।
5. ਸੰਨ 1903 ਵਿੱਚ ਅਮਰੀਕਾ ਦੇ ਦੋ ਰਾਈਟ ਭਰਾਵਾਂ ਨੇ

Scanned with CamScanner

ਪਹਿਲਾ ਹਵਾਈ ਜਹਾਜ਼ ਉਡਾਇਆ ਸੀ ।

6. ਹੌਲੀ- ਹੌਲੀ ਉਸਨੇ ਪਾਲਤੂ ਪਸ਼ੂਆਂ ਤੋਂ ਕਿਸੇ ਲਕੜੀ ਉੱਪਰ ਰੱਖੇ ਸ਼ਿਕਾਰ ਨੂੰ ਖਿੱਚਣ ਦਾ ਕੰਮ ਲੈਣਾ ਸ਼ੁਰੂ ਕਰ ਦਿੱਤਾ ।

7. ਫਿਰ ਮਨੁੱਖ ਊਠ, ਘੋੜੇ ਅਤੇ ਖੋਤੇ ਦੀ ਪਿੱਠ ਉੱਤੇ ਸਵਾਰੀ ਕਰਨ ਲੱਗਾ ਅਤੇ ਉਹਨਾਂ ਦੇ ਉੱਪਰ ਹੀ ਭਾਰ ਢੋਣ ਲੱਗ ਪਿਆ ।

5. ਖਾਲੀ ਥਾਵਾਂ ਭਰੋ :

1. ਲੋੜ ਕਾਢ ਦੀ ਮਾਂ ਹੈ । (ਭੈਣ, ਦਾਦੀ, ਮਾਂ)
2. ਆਦਿ ਮਨੁੱਖ ਨੰਗਾ ਫਿਰਦਾ ਸੀ । (ਘੁੰਮਦਾ, ਨੰਗਾ, ਕੱਪੜੇ ਪਾ ਕੇ)
3. ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ । (ਕਾਹਲੀ, ਵਿਗਿਆਨ, ਮਸ਼ੀਨੀ ।
4. ਕਈ ਵਿਗਿਆਨੀ ਖੋਜ ਕਰਕੇ ਆਪਣਾ ਜੀਵਨ ਖ਼ਤਮ ਕਰ ਗਏ । (ਸ਼ੁਰੂਆਤ, ਖ਼ਤਮ, ਪਿਤਾ)
5. ਮਨੁੱਖ ਖੰਭ ਲਾ ਕੇ ਉੱਡਣ ਲੱਗਾ । (ਤੇਲ, ਰੰਗ, ਖੰਭ)